Halton District School Board

Punjabi

# ਅੰਤਿਕਾ B - ਘਰ ਅਤੇ ਸਕੂਲ ਵਿਖੇ ਦਿਮਾਗੀ ਸੱਟ ਦੇ ਪ੍ਰਬੰਧਨ ਦੀ ਯੋਜਨਾ - ਭਾਗ B

**ਵਿਦਿਆਰਥੀ:** ______________________ **ਪਿਛਲੀਆਂ ਦਿਮਾਗੀ ਸੱਟਾਂ : ਹਾਂ / ਨਹੀਂ**

**ਸਕੂਲ ਦੇਖਭਾਲ ਟੀਮ:**______________________ **ਜੇ ਹਾਂ, ਤਾਂ ਮਿਤੀਆਂ (ਮਿਤੀ /ਮਹੀਨਾ):** ______________________

**ਮਾਤਾ-ਪਿਤਾ/ ਨਿਗਰਾਨ ਵੱਲੋਂ ਸਹਿਮਤੀ:** ਇਸ ਯੋਜਨਾ ਨੂੰ ਹੇਠਲਿਆਂ ਨਾਲ ਸਾਂਝਾ ਕੀਤਾ ਜਾ ਸਕਦਾ ਹੈ (ਸਾਰੀਆਂ ਉਚਿਤ ਥਾਂਵਾਂ ਤੇ ਸਹੀ ਲਗਾਓ)::
ਸਕੂਲ ਸਟਾਫ ਲੰਚਰੂਮ ਸੁਪਰਵਾਈਜ਼ਰ ਮੌਕੇ ਤੇ ਮੌਜੂਦ ਸਬੰਧਤ ਸਟਾਫ ਦੇਖਭਾਲ ਤੋਂ ਪਹਿਲਾਂ ਅਤੇ ਬਾਅਦ ਵਾਲੇ ਕਲਾਸ/ਟੀਮ ਦੇ ਸਾਥੀ ਟ੍ਰਾਂਸਪੋਰਟ ਪ੍ਰਦਾਤਾ ਸਬੰਧਤ ਵਾਲੰਟੀਅਰ ਹੋਰ:

## ਪੜਾਅ: ਸ਼ੁਰੂਆਤੀ ਆਰਾਮ (ਘਰ ਵਿੱਚ ਭਰਿਆ ਜਾਏ)

ਕਿਸੇ ਵੀ ਗਤੀਵਿਧੀ 'ਤੇ ਵਾਪਸ ਜਾਣ ਤੋਂ ਪਹਿਲਾਂ, ਸ਼ੁਰੂਆਤੀ ੨੪-੪੮ ਘੰਟਿਆਂ ਦੌਰਾਨ ਵਿਦਿਆਰਥੀ ਪੂਰਾ ਸਰੀਰਕ ਅਤੇ ਬੋਧਕ ਆਰਾਮ ਕਰੇਗਾ।

❑ 24 ਘੰਟਿਆਂ ਦਾ ਪੂਰਾ ਸਰੀਰਕ ਅਤੇ ਬੋਧਕ ਆਰਾਮ, ਅਤੇ ਲੱਛਣਾਂ ਵਿੱਚ ਸੁਧਾਰ ਹੋਇਆ ਹੈ

ਜਾਂ

❑ 48 ਘੰਟਿਆਂ ਦਾ ਪੂਰਾ ਸਰੀਰਕ ਅਤੇ ਬੋਧਕ ਆਰਾਮ

ਪੜਾਅ – ਸ਼ੁਰੂਆਤੀ ਪੜਾਅ ਪੂਰਾ ਹੋਇਆ, ਮਿਤੀ (ਮਿਤੀ/ਮਹੀਨਾ/ਸਾਲ) ______________________
ਮਾਤਾ-ਪਿਤਾ /ਨਿਗਰਾਨ ਦੇ ਦਸਤਖਤ: ______________________________

## ਪੜਾਅ ੧: ਹਲਕੀ ਬੋਧਕ ਅਤੇ ਸਰੀਰਕ ਗਤੀਵਿਧੀ (ਘਰ ਵਿੱਚ ਭਰਿਆ ਜਾਏ)

ਵਿਦਿਆਰਥੀ, ਵਾਰ ਵਾਰ ਬ੍ਰੇਕਾਂ ਲੈਂਦੇ ਹੋਏ, ਅਜਿਹੀ ਹਲਕੀ ਬੋਧਕ ਅਤੇ ਸਰੀਰਕ ਗਤੀਵਿਧੀ ਸ਼ੁਰੂ ਕਰ ਸਕਦਾ ਹੈ ਜਿਸ ਨਾਲ ਲੱਛਣ ਪੈਦਾ ਨਾ ਹੋਣ।

ਪੜਾਅ 1 ਪੂਰਾ ਹੋਣਾ (ਸਾਰੇ ਬਕਸਿਆਂ ਵਿੱਚ ਸਹੀ ਲਾਉਣਾ ਜ਼ਰੂਰੀ ਹੈ):

❑ ਪੜਾਅ ੧ ਵਿੱਚ ਘੱਟੋ-ਘੱਟ ੨੪ ਘੰਟੇ

❑ ੩੦ ਮਿੰਟ ਲਈ ਹਲਕੀ ਬੋਧਕ ਗਤੀਵਿਧੀ ਸਹਿਣ ਕਰਦਾ ਹੈ

❑ ਹਲਕੀ ਸਰੀਰਕ ਗਤੀਵਿਧੀ ਸਹਿਣ ਕਰਦਾ ਹੈ

❑ ਲੱਛਣਾਂ ਦੀ ਵਾਪਸੀ, ਨਵੇਂ ਲੱਛਣ ਜਾਂ ਲੱਛਣਾਂ ਦਾ ਵਿਗਾੜ ਦੇਖਿਆ ਜਾਂ ਸੂਚਿਤ ਨਹੀਂ ਕੀਤਾ ਗਿਆ।

ਪੜਾਅ 1 ਇਸ ਦਿਨ ਪੂਰਾ ਹੋਇਆ (ਮਿਤੀ/ਮਹੀਨਾ/ਸਾਲ) ______________ ਮਾਤਾ-ਪਿਤਾ /ਨਿਗਰਾਨ ਦੇ ਦਸਤਖਤ: ________________

## ਪੜਾਅ ੨: ਗਤਿਵਿਧੀਆਂ ਵੱਲ ਹੌਲੀ ਹੌਲੀ ਵਾਪਸੀ (ਘਰ ਵਿੱਚ ਭਰਿਆ ਜਾਏ)

ਵਿਦਿਆਰਥੀ ਨੇ ਘਰ ਦੇ ਅੰਦਰ ਗਤੀਵਿਧੀ ਦੀ ਵਾਪਸੀ ਦੀ ਪ੍ਰਕਿਰਿਆ ਸ਼ੁਰੂ ਕੀਤੀ ਹੈ ਜਿਸਦੇ ਲਈ ਉਹ ਹੌਲੀ ਹੌਲੀ ਜਾਣੇ-ਪਛਾਣੇ ਕੰਮ ਤਦੋਂ ਤਕ ਕਰਦਾ ਹੈ ਜਦ ਤਕ ਕੋਈ ਨਵੇਂ ਲੱਛਣ ਪੈਦਾ ਨਹੀਂ ਹੁੰਦੇ ਜਾਂ ਦਿਮਾਗੀ ਸੱਟ ਦੇ ਲੱਛਣ ਹੋਰ ਨਹੀਂ ਵਿਗੜਦੇ।

ਪੜਾਅ ੨ ਪੂਰਾ ਹੋਣਾ (ਸਾਰੇ ਬਕਸਿਆਂ ਵਿੱਚ ਸਹੀ ਲਾਉਣਾ ਜ਼ਰੂਰੀ ਹੈ):

❑ ਪੜਾਅ ੫ ਵਿੱਚ ਘੱਟੋ-ਘੱਟ ੪੮ ਘੰਟੇ (24 ਘੰਟੇ 2a ਅਤੇ 2b ਹਰੇਕ ਵਿਚ)

❑ ਵਾਧੂ ਬੋਧਕ ਗਤੀਵਿਧੀ ਸਹਿਣ ਕਰਦਾ ਹੈ

❑ ਰੋਜ਼ਾਨਾ ਦੀ ਸਰੀਰਕ ਗਤੀਵਿਧੀ ਸਹਿਣ ਕਰਦਾ ਹੈ

❑ ੨੦-੩੦ ਮਿੰਟਾਂ ਲਈ ਹਲਕੀ ਐਰੋਬਿਕ ਗਤੀਵਿਧੀ ਸਹਿਣ ਕਰਦਾ ਹੈ

❑ ਲੱਛਣਾਂ ਦੀ ਵਾਪਸੀ, ਨਵੇਂ ਲੱਛਣ ਜਾਂ ਲੱਛਣਾਂ ਦਾ ਵਿਗਾੜ ਦੇਖਿਆ ਜਾਂ ਸੂਚਿਤ ਨਹੀਂ ਕੀਤਾ ਗਿਆ। **ਨੋਟ:** ਜੇ ਅਜਿਹਾ ਹੁੰਦਾ ਹੈ ਤਾਂ ਪੜਾਅ ੧ 'ਤੇ ਵਾਪਸ ਜਾਓ ਅਤੇ ਦੁਬਾਰਾ ਡਾਕਟਰੀ ਜਾਂਚ ਕਰਵਾਓ।

ਪੜਾਅ ੨ ਇਸ ਦਿਨ ਪੂਰਾ ਹੋਇਆ (ਮਿਤੀ/ਮਹੀਨਾ/ਸਾਲ) ______________ ਮਾਤਾ-ਪਿਤਾ /ਨਿਗਰਾਨ ਦੇ ਦਸਤਖਤ: ________________

## ਪੜਾਅ ੩: ਬੋਧਕ ਅਤੇ ਸਰੀਰਕ ਗਤੀਵਿਧੀ ਵੱਲ ਵਾਪਸੀ ਦੀ ਤਿਆਰੀ (ਘਰ ਅਤੇ ਸਕੂਲ ਵਿੱਚ ਭਰਿਆ ਜਾਏ)

ਵਿਦਿਆਰਥੀ ਨੇ ਘਰ ਅਤੇ ਸਕੂਲ ਵਿੱਚ ਬੋਧਕ ਅਤੇ ਸਰੀਰਕ ਗਤੀਵਿਧੀਆਂ ਦੀ ਪ੍ਰਕਿਰਿਆ ਵੱਲ ਹੌਲੀ ਹੌਲੀ ਵਾਪਸੀ ਸ਼ੁਰੂ ਕਰ ਦਿੱਤੀ ਹੈ ਜਿਸਦੇ ਲਈ ਉਹ ਕੁਝ ਸਮਾਂ ਸਕੂਲ ਜਾਂਦਾ ਹੈ ਅਤੇ ਉਚਿਤ ਸਹਾਇਤਾ ਦੇ ਨਾਲ ਹੌਲੀ ਹੌਲੀ ਆਮ ਗਤੀਵਿਧੀਆਂ ਵਧਾ ਰਿਹਾ ਹੈ।

ਸਕੂਲ ਦੇਖਭਾਲ ਟੀਮ ਦੀ ਮੀਟਿੰਗ ਦੀ ਮਿਤੀ: ______________________

| ਬੰਦਸ਼ / ਸੋਧ / ਰਿਆਇਤ | ਸਮਾਂ ਰੇਖਾ |
|---|---|
| | |
| | |
| | |

ਪੜਾਅ ੩ ਪੂਰਾ ਹੋਣਾ (ਸਾਰੇ ਬਕਸਿਆਂ ਵਿੱਚ ਸਹੀ ਲਾਉਣਾ ਜ਼ਰੂਰੀ ਹੈ):

- ❑ ਪੜਾਅ ੩ ਵਿੱਚ ਘੱਟੋ-ਘੱਟ ੨੪ ਘੰਟੇ
- ❑ ਲੱਛਣਾਂ ਵਿੱਚ ਸੁਧਾਰ ਹੋਇਆ ਹੈ
- ❑ ਘਰ ਅਤੇ ਸਕੂਲ ਵਿਚਕਾਰ ੪-੫ ਘੰਟੇ ਪ੍ਰਤਿ ਦਿਨ ਬੋਧਕ ਗਤੀਵਿਧੀ ਸਹਿਣ ਕਰਦਾ ਹੈ
- ❑ ਸਾਦੀ ਵਿਅਕਤੀਗਤ ਡ੍ਰਿਲ / ਵਿਸ਼ੇਸ਼ ਖੇਡ ਲਈ ਡ੍ਰਿਲ ਸਹਿਣ ਕਰਦਾ ਹੈ
- ❑ ਲੱਛਣਾਂ ਦੀ ਵਾਪਸੀ, ਨਵੇਂ ਲੱਛਣ ਜਾਂ ਲੱਛਣਾਂ ਦਾ ਵਿਗਾੜ ਦੇਖਿਆ ਜਾਂ ਸੂਚਿਤ ਨਹੀਂ ਕੀਤਾ ਗਿਆ। **ਨੋਟ:** ਜੇ ਅਜਿਹਾ ਹੁੰਦਾ ਹੈ ਤਾਂ ਪੜਾਅ ੨ 'ਤੇ ਵਾਪਸ ਜਾਓ ਅਤੇ ਦੁਬਾਰਾ ਡਾਕਟਰੀ ਜਾਂਚ ਕਰਵਾਓ।

ਪੜਾਅ ੩ ਇਸ ਦਿਨ ਪੂਰਾ ਹੋਇਆ (ਮਿਤੀ/ਮਹੀਨਾ/ਸਾਲ) ________ ਮਾਤਾ-ਪਿਤਾ /ਨਿਗਰਾਨ ਦੇ ਦਸਤਖਤ: ______________________

ਸਕੂਲ ਦੇਖਭਾਲ ਟੀਮ ਦੇ ਦਸਤਖਤ: ______________________

## ਪੜਾਅ ੪: ਪੜ੍ਹਾਈ ਵੱਲ ਪੂਰੀ ਵਾਪਸੀ ਅਤੇ ਸਰੀਰਕ ਗਤੀਵਿਧੀ ਵਿੱਚ ਵਾਧਾ (ਘਰ ਅਤੇ ਸਕੂਲ ਵਿੱਚ ਭਰਿਆ ਜਾਏ)

ਵਿਦਿਆਰਥੀ ਪੂਰੀ ਬੋਧਕ ਗਤੀਵਿਧੀਆਂ ਵੱਲ ਵਾਪਸ ਆ ਰਿਹਾ ਹੈ ਜਿਸਦੇ ਲਈ ਉਹ ਪੂਰਾ ਸਮਾਂ ਸਕੂਲ ਵਿੱਚ ਰਹਿੰਦਾ ਹੈ ਅਤੇ ਵਾਧੂ ਸਰੀਰਕ ਗਤੀਵਿਧੀਆਂ ਕਰਦਾ ਹੈ। ਇਸ ਪੜਾਅ ਤੇ ਘੱਟ ਤੋਂ ਘੱਟ ਸਹਾਇਤਾ ਦੀ ਲੋੜ ਹੈ।

ਸਕੂਲ ਦੇਖਭਾਲ ਟੀਮ ਦੀ ਮੀਟਿੰਗ ਦੀ ਮਿਤੀ: ______________________

| ਬੰਦਸ਼ / ਸੋਧ / ਰਿਆਇਤ | ਸਮਾਂ ਰੇਖਾ |
|---|---|
| | |
| | |

ਪੜਾਅ ੪ ਪੂਰਾ ਹੋਣਾ (ਸਾਰੇ ਬਕਸਿਆਂ ਵਿੱਚ ਸਹੀ ਲਾਉਣਾ ਜ਼ਰੂਰੀ ਹੈ):

- ❑ ਪੜਾਅ ੪ ਵਿੱਚ ਘੱਟੋ-ਘੱਟ ੨੪ ਘੰਟੇ
- ❑ ਲੱਛਣਾਂ ਵਿੱਚ ਸੁਧਾਰ ਹੋਇਆ ਹੈ
- ❑ ਸਕੂਲ ਦਾ ਪੂਰਾ ਦਿਨ ਅਤੇ ਕੰਮ ਦਾ ਲਗਭਗ ਆਮ ਲੋਡ, ਕਿਸੇ ਰਿਆਇਤਾਂ ਜਾਂ ਸੋਧਾਂ ਦੇ ਬਿਨਾ, ਸਹਿਣ ਕਰਦਾ ਹੈ।
- ❑ ਚਾਰਟ (ਸਫਾ ੨) ਵਿੱਚ ਦੱਸੇ ਮੁਤਾਬਕ ਵਾਧੂ ਸਰੀਰਕ ਗਤੀਵਿਧੀ ਸਹਿਣ ਕਰਦਾ ਹੈ
- ❑ ਲੱਛਣਾਂ ਦੀ ਵਾਪਸੀ, ਨਵੇਂ ਲੱਛਣ ਜਾਂ ਲੱਛਣਾਂ ਦਾ ਵਿਗਾੜ ਦੇਖਿਆ ਜਾਂ ਸੂਚਿਤ ਨਹੀਂ ਕੀਤਾ ਗਿਆ। **ਨੋਟ:** ਜੇ ਅਜਿਹਾ ਹੁੰਦਾ ਹੈ ਤਾਂ ਪੜਾਅ ੩ 'ਤੇ ਵਾਪਸ ਜਾਓ ਅਤੇ ਦੁਬਾਰਾ ਡਾਕਟਰੀ ਜਾਂਚ ਕਰਵਾਓ।
- ❑ ਦਿਮਾਗੀ ਸੱਟ ਸਬੰਧੀ ਕਿਸੇ ਡਾਕਟਰ ਜਾਂ ਨਰਸ-ਪ੍ਰੈਕਟੀਸ਼ਨਰ ਦੁਆਰਾ ਦਸਤਖਤ ਕੀਤੀ ਡਾਕਟਰੀ ਕਲੀਰੈਂਸ

ਪੜਾਅ ੪ ਇਸ ਦਿਨ ਪੂਰਾ ਹੋਇਆ (ਮਿਤੀ/ਮਹੀਨਾ/ਸਾਲ) _________ ਮਾਤਾ-ਪਿਤਾ /ਨਿਗਰਾਨ ਦੇ ਦਸਤਖਤ: _______________________
ਸਕੂਲ ਦੇਖਭਾਲ ਟੀਮ ਦੇ ਦਸਤਖਤ: ________________________

## ਪੜਾਅ ੫: ਪੂਰੀ ਗੈਰ-ਸੰਪਰਕ ਸਰੀਰਕ ਗਤੀਵਿਧੀ ਵੱਲ ਵਾਪਸੀ (ਘਰ ਅਤੇ ਸਕੂਲ ਵਿੱਚ ਭਰਿਆ ਜਾਏ)

ਵਿਦਿਆਰਥੀ, ਦਿਮਾਗੀ ਸੱਟ ਸਬੰਧੀ ਦਸਤਖਤ ਕੀਤੀ ਡਾਕਟਰੀ ਕਲੀਰੈਂਸ ਦੇ ਨਾਲ, ਪੂਰੀਆਂ ਗੈਰ-ਸੰਪਰਕ ਸਰੀਰਕ ਗਤੀਵਿਧੀਆਂ ਵੱਲ ਵਾਪਸ ਆ ਰਿਹਾ ਹੈ। ਸੰਪਰਕ ਵਾਲੀਆਂ ਖੇਡਾਂ ਦੇ ਲਈ ਸੰਪਰਕ ਗਤੀਵਿਧੀਆਂ ਦੀ ਸਿਰਫ ਸਿਖਲਾਈ /ਅਭਿਆਸ ਵਿੱਚ ਇਜਾਜ਼ਤ ਹੈ।

❑ ਲਾਗੂ ਨਹੀਂ ਹੁੰਦਾ। ਵਿਦਿਆਰਥੀ ਕਿਸੇ ਸਰੀਰਕ ਗਤੀਵਿਧੀ (ਜਿਵੇਂ, ਸਰੀਰਕ ਸਿੱਖਿਆ, ਸਰੀਰਕ ਗਤੀਵਿਧੀ, ਇੰਟ੍ਰਾਮਿਊਰਲ, ਅਥਲੈਟਿਕਸ) ਵਿੱਚ ਹਿੱਸਾ ਨਹੀਂ ਲੈਂਦਾ **ਨੋਟ**: ਸਿਰਫ ਸੈਕੰਡਰੀ ਦੇ ਵਿਦਿਆਰਥੀ

**ਜਾਂ**

ਸਕੂਲ ਦੇਖਭਾਲ ਟੀਮ ਦੀ ਮੀਟਿੰਗ ਦੀ ਮਿਤੀ: ________________________

| ਬੰਦਸ਼ | ਸਮਾਂ ਰੇਖਾ |
|---|---|
| | |
| | |

ਪੜਾਅ ੫ ਪੂਰਾ ਹੋਣਾ (ਸਾਰੇ ਬਕਸਿਆਂ ਵਿੱਚ ਸਹੀ ਲਾਉਣਾ ਜ਼ਰੂਰੀ ਹੈ):

❑ ਪੜਾਅ ੫ ਵਿੱਚ ਘੱਟੋ-ਘੱਟ ੨੪ ਘੰਟੇ

❑ ਪੂਰੀ ਗੈਰ-ਸੰਪਰਕ ਸਰੀਰਕ ਗਤੀਵਿਧੀ ਸਹਿਣ ਕਰਦਾ ਹੈ

❑ ਸੰਪਰਕ ਵਾਲੀਆਂ ਖੇਡਾਂ ਲਈ ਸਿਖਲਾਈ /ਅਭਿਆਸ ਦੌਰਾਨ ਸੰਪਰਕ ਸਹਿਣ ਕਰਦਾ ਹੈ (ਜੇ ਲਾਗੂ ਹੁੰਦਾ)

❑ ਲੱਛਣਾਂ ਦੀ ਵਾਪਸੀ ਜਾਂ ਨਵੇਂ ਲੱਛਣ ਦੇਖੇ ਜਾਂ ਸੂਚਿਤ ਨਹੀਂ ਕੀਤੇ ਗਏ। **ਨੋਟ**: ਜੇ ਅਜਿਹਾ ਹੁੰਦਾ ਹੈ ਤਾਂ ਦੁਬਾਰਾ ਡਾਕਟਰੀ ਜਾਂਚ ਕਰਵਾਓ ਅਤੇ ਦਿਮਾਗੀ ਸੱਟ ਬਾਰੇ ਡਾਕਟਰੀ ਕਲੀਰੈਂਸ ਦਾ ਦੁਬਾਰਾ ਮੁਲਾਂਕਣ ਕਰਵਾਓ।

ਪੜਾਅ ੫ ਇਸ ਦਿਨ ਪੂਰਾ ਹੋਇਆ (ਮਿਤੀ/ਮਹੀਨਾ/ਸਾਲ) _________ ਮਾਤਾ-ਪਿਤਾ /ਨਿਗਰਾਨ ਦੇ ਦਸਤਖਤ: _______________________
ਸਕੂਲ ਦੇਖਭਾਲ ਟੀਮ ਦੇ ਦਸਤਖਤ: ________________________

## ਪੜਾਅ ੬: ਬਿਨਾ ਬੰਦਸ਼ਾਂ ਵਾਲੀ ਸਰੀਰਕ ਗਤੀਵਿਧੀ ਵੱਲ ਵਾਪਸੀ (ਘਰ ਅਤੇ ਸਕੂਲ ਵਿੱਚ ਭਰਿਆ ਜਾਏ)

ਵਿਦਿਆਰਥੀ ਬਿਨਾ ਕਿਸੇ ਬੰਦਸ਼ ਵਾਲੀਆਂ ਪੂਰੀਆਂ ਸਰੀਰਕ ਗਤੀਵਿਧੀਆਂ, ਵੱਲ ਵਾਪਸ ਆ ਰਿਹਾ ਹੈ।

❑ ਲਾਗੂ ਨਹੀਂ ਹੁੰਦਾ। ਵਿਦਿਆਰਥੀ ਸੰਪਰਕ ਵਾਲੀਆਂ ਪ੍ਰਤੀਯੋਗਾਤਮਕ ਖੇਡਾਂ ਵਿੱਚ ਹਿੱਸਾ ਨਹੀਂ ਲੈਂਦਾ।

**ਜਾਂ**

ਸਕੂਲ ਦੇਖਭਾਲ ਟੀਮ ਦੀ ਮੀਟਿੰਗ ਦੀ ਮਿਤੀ: ________________________

ਪੜਾਅ ੬ ਪੂਰਾ ਹੋਣਾ (ਸਾਰੇ ਬਕਸਿਆਂ ਵਿੱਚ ਸਹੀ ਲਾਉਣਾ ਜ਼ਰੂਰੀ ਹੈ):

❑ ਪੜਾਅ ੬ ਵਿੱਚ ਘੱਟੋ-ਘੱਟ ੨੪ ਘੰਟੇ

❑ ਬਿਨਾ ਬੰਦਸ਼ਾਂ ਵਾਲੀ ਸਰੀਰਕ ਗਤੀਵਿਧੀ ਸਹਿਣ ਕਰਦਾ ਹੈ

❑ ਲੱਛਣਾਂ ਦੀ ਵਾਪਸੀ ਜਾਂ ਨਵੇਂ ਲੱਛਣ ਦੇਖੇ ਜਾਂ ਸੂਚਿਤ ਨਹੀਂ ਕੀਤੇ ਗਏ। **ਨੋਟ**: ਜੇ ਅਜਿਹਾ ਹੁੰਦਾ ਹੈ ਤਾਂ ਪੜਾਅ ੩ 'ਤੇ ਵਾਪਸ ਜਾਓ ਅਤੇ ਦੁਬਾਰਾ ਡਾਕਟਰੀ ਜਾਂਚ ਕਰਵਾਓ ਅਤੇ ਦਿਮਾਗੀ ਸੱਟ ਬਾਰੇ ਡਾਕਟਰੀ ਕਲੀਰੈਂਸ ਦਾ ਦੁਬਾਰਾ ਮੁਲਾਂਕਣ ਕਰਵਾਓ

ਪੜਾਅ ੬ ਇਸ ਦਿਨ ਪੂਰਾ ਹੋਇਆ (ਮਿਤੀ/ਮਹੀਨਾ/ਸਾਲ) _________ ਮਾਤਾ-ਪਿਤਾ /ਨਿਗਰਾਨ ਦੇ ਦਸਤਖਤ: _______________________
ਸਕੂਲ ਦੇਖਭਾਲ ਟੀਮ ਦੇ ਦਸਤਖਤ: ________________________